2025110384

ਡੀ-1

ਡਾਇਰੈਕਟਰ ਜਨਰਲ ਸਕੂਲ ਸਿੱਖਿਆ -ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਸਮਗਰ ਸਿੱਖਿਆ ਅਭਿਆਨ ਅਥਾਰਟੀ, ਪੰਜਾਬ, ਮੁਹਾਲੀ
ਵਿੱਦਿਆ ਭਵਨ, ਈ ਬਲਾਕ, ਪੰਜਵੀ ਮੰਜਿਲ, ਫੇਜ਼-8, ਮੁਹਾਲੀ

ਵੱਲ

ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
ਸਮੂਹ ਜਿਲਾ ਸਿੱਖਿਆ ਅਫਸਰ (ਐ.ਸਿ), ਪੰਜਾਬ।

ਮੀਮੋ ਨੰ. SSA/MIS/HO/2025/ 211950
ਮਿਤੀ 1|08|25

ਵਿਸ਼ਾ: ਵਿਦਿਆਰਥੀਆਂ ਦੇ APAAR ID ਬਣਾਉਣ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸੰਬੰਧ ਵਿਚ ਭਾਰਤ ਸਰਕਾਰ ਵੱਲੋਂ ਵਿਦਿਆਰਥੀਆਂ ਦੇ APAAR ID ਬਣਾਉਣ ਦੀ ਗਤੀ ਨੂੰ ਨਿਯਮਿਤ ਰੀਵਿਊ ਕੀਤਾ ਜਾ ਰਿਹਾ ਹੈ। ਯੂ-ਡਾਈਸ ਸਰਵੇ ਅਧੀਨ 61 ਪ੍ਰਤੀਸ਼ਤ ਵਿਦਿਆਰਥੀਆਂ ਦੇ APAAR ID ਹੀ ਜਨਰੇਟ ਕੀਤੇ ਜਾ ਚੁੱਕੇ ਹਨ।

2.0 ਭਾਰਤ ਸਰਕਾਰ ਵੱਲੋਂ ਕਰਵਾਇਆ ਜਾਣ ਵਾਲਾ ਯੂ-ਡਾਈਸ ਸਰਵੇ ਸਾਲ 2025-26 ਲਈ ਪ੍ਰਗਤੀ ਅਧੀਨ ਹੈ ਅਤੇ ਜਿਨ੍ਹਾਂ ਵਿਦਿਆਰਥੀਆਂ ਦੀ ਡਾਟਾ ਐਂਟਰੀ ਦਾ ਕੰਮ ਮੁਕੰਮਲ ਹੋ ਚੁੱਕਿਆ ਹੈ ਉਹਨਾਂ ਲਈ APAAR ID ਬਣਾਉਣ ਲਈ ਯੂ-ਡਾਈਸ ਪੋਰਟਲ ਅਧੀਨ ਸਹੂਲਤ ਦੇ ਦਿਤੀ ਗਈ ਹੈ।

3.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ APAAR ID ਦੇ ਕੰਮ ਦੀ ਮਹੱਤਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਸਮੂਹ ਸਕੂਲਾਂ ਤੋਂ ਯੂ-ਡਾਈਸ ਸਰਵੇ ਅਧੀਨ ਵਿਦਿਆਰਥੀਆਂ ਦੀ ਡਾਟਾ ਐਂਟਰੀ ਮੁਕੰਮਲ ਕਰਵਾਉਣ ਅਤੇ ਜਿਨ੍ਹਾਂ ਵਿਦਿਆਰਥੀਆਂ ਦੇ ਅਜੇ ਤੱਕ APAAR ID ਜਨਰੇਟ ਨਹੀਂ ਹੋਏ ਹਨ, ਉਹਨਾਂ ਨਾਲ ਰਾਬਤਾ ਕਾਇਮ ਕਰਵਾਉਂਦੇ ਹੋਏ ਇਹ ਕੰਮ ਜਲਦ ਤੋਂ ਜਲਦ ਮੁਕੰਮਲ ਕਰਵਾਇਆ ਜਾਵੇ।

4.0 ਇਹ ਵੀ ਦੇਖਣ ਵਿਚ ਆ ਰਿਹਾ ਹੈ ਕਿ ਵਿਦਿਆਰਥੀਆਂ ਦੇ ਅਧਾਰ ਨੰਬਰ ਅਪਡੇਟ/ਵੈਲੀਡਿਟੀ ਨਾ ਹੋਣ ਕਾਰਨ APAAR ID ਜਨਰੇਟ ਕਰਨ ਵਿੱਚ ਮੁਸ਼ਕਿਲਾਂ ਦਾ ਸਾਹਮਣਾ ਪੈ ਰਿਹਾ ਹੈ। ਇਸ ਲਈ APAAR ID ਜਨਰੇਟ ਕਰਨ ਤੋਂ ਪਹਿਲਾਂ https://myaadhaar.uidai.gov.in/check-aadhaar-validity ਲਿੰਕ ਉਤੇ ਵਿਦਿਆਰਥੀ ਦੇ ਅਧਾਰ ਨੰਬਰ ਦੀ ਵੈਲੀਡਿਟੀ ਚੈੱਕ ਕਰ ਲਈ ਜਾਵੇ ਅਤੇ ਲੋੜ ਅਨੁਸਾਰ APAAR ID ਜਨਰੇਟ ਕਰਵਾਉਣ ਤੋਂ ਪਹਿਲਾਂ ਵਿਦਿਆਰਥੀਆਂ ਦੇ ਅਧਾਰ ਅਪਡੇਟ ਕਰਵਾਏ ਜਾਣ।

(Sd.) 01.08.25
ਡਿਪਟੀ ਐਸ.ਪੀ.ਡੀ. (ਆਈ.ਸੀ.ਟੀ.),
ਦਫ: ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਜ਼ਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ, ਪੰਜਾਬ।
2. ਸਮੂਹ ਸਕੂਲ ਮੁਖੀ

(Sd.) 01.08.25
ਡਿਪਟੀ ਐਸ.ਪੀ.ਡੀ. (ਆਈ.ਸੀ.ਟੀ.),
ਦਫ: ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

## ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿਠ ਅੰਕਣ ਨੰ ਜੀ-1/1 ( )2025/ 1621 ਮਿਤੀ 01/08/25

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ, ਲਿਖਕੇ ਭੇਜਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

(Sd.) 01/08/25
ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ।